WCB FACTS 2017

# ਡਾਕਟਰੀ ਸਮੀਖਿਆ ਪੈਨਲਾਂ

ਡਾਕਟਰੀ ਸਮੀਖਿਆ ਪੈਨਲ WCB ਜਾਂ ਅਪੀਲ ਕਮਿਸ਼ਨ ਨੂੰ ਡਾਕਟਰੀ ਮਾਹਰਾਂ ਦੇ ਸੁਤੰਤਰ ਪੈਨਲ ਤੋਂ ਪ੍ਰਸ਼ਨ ਪੁੱਛਣ ਅਤੇ ਜ਼ਖਮੀ ਕਰਮਚਾਰੀ ਦੇ ਦਾਅਵੇ ਬਾਰੇ ਨਿਰਪੱਖ ਰਾਏ ਪ੍ਰਾਪਤ ਕਰਨ ਦਿੰਦਾ ਹੈ।

**ਡਾਕਟਰੀ ਸਮੀਖਿਆ ਪੈਨਲ ਲਈ ਕੌਣ ਬੇਨਤੀ ਕਰ ਸਕਦਾ ਹੈ?**

**ਕਰਮਚਾਰੀ**

ਇੱਕ ਕਰਮਚਾਰੀ, ਲਿਖਤੀ ਰੂਪ ਵਿੱਚ, ਇਹ ਬੇਨਤੀ ਕਰ ਸਕਦਾ ਹੈ ਕਿ ਉਸ ਦੇ ਕੇਸ ਦੀ ਜਾਂਚ ਕਰਨ ਲਈ ਡਾਕਟਰੀ ਸਮੀਖਿਆ ਪੈਨਲ ਬਿਠਾਇਆ ਜਾਵੇ। ਚਿੱਠੀ WCB ਨੂੰ ਸੰਬੋਧਿਤ ਹੋਣੀ ਚਾਹੀਦੀ ਹੈ ਅਤੇ **ਲਾਜ਼ਮੀ ਤੌਰ ਤੇ ਇਸ ਵਿੱਚ ਕਰਮਚਾਰੀ ਦਾ ਨਾਮ ਅਤੇ ਦਾਅਵੇ ਦਾ ਨੰਬਰ ਸ਼ਾਮਲ ਕਰਨਾ ਚਾਹੀਦਾ ਹੈ**।

ਜਦੋਂ ਕਿਸੇ ਡਾਕਟਰੀ ਮਾਮਲੇ ਬਾਰੇ ਜ਼ਖਮੀ ਕਰਮਚਾਰੀ ਦਾ ਇਲਾਜ ਕਰਨ ਵਾਲੇ ਡਾਕਟਰ ਦੀ ਲਿਖਤੀ ਡਾਕਟਰੀ “ਰਾਏ’’ WCB ਦੇ ਡਾਕਟਰੀ ਸਲਾਹਕਾਰ ਦੀ ਰਾਏ ਤੋਂ ਵੱਖਰੀ ਹੁੰਦੀ ਹੈ ਅਤੇ ਰਾਏ ਦਰਮਿਆਨ ਭਿੰਨਤਾ ਕਰਮਚਾਰੀ ਦੇ ਮੁਆਵਜ਼ੇ ਦੇ ਅਧਿਕਾਰ ਤੇ ਅਸਰ ਪਾਉਂਦੀ ਹੈ ਤਾਂ ਡਾਕਟਰੀ ਸਮੀਖਿਆ ਪੈਨਲ ਬਿਠਾਇਆ ਜਾਵੇਗਾ।

ਇਹ ਜ਼ਰੂਰੀ ਹੁੰਦਾ ਹੈ ਕਿ ਜ਼ਖਮੀ ਕਰਮਚਾਰੀ ਦਾ ਇਲਾਜ ਕਰਨ ਵਾਲੇ ਡਾਕਟਰ ਦੁਆਰਾ ਪ੍ਰਗਟਾਈ “ਰਾਏ’’ ਸਾਰੀ ਉਪਲਬਧ ਢੁਕਵੀਂ ਜਾਣਕਾਰੀ ਤੇ ਆਧਾਰਤ ਹੋਵੇ। *ਵਰਕਰਜ਼ ਕਮਪਨਸੇਸ਼ਨ ਐਕਟ (Workers Compensation Act)* “ਰਾਏ’’ ਨੂੰ ਕਿਸੇ ਡਾਕਟਰੀ ਨਿਚੋੜ ਦਾ ਸਮਰਥਨ ਕਰਨ ਵਾਲੇ ਤੱਥਾਂ ਅਤੇ ਕਾਰਨਾਂ ਦੇ ਮੁਕੰਮਲ ਬਿਆਨ ਵੱਜੋਂ ਪਰਿਭਾਸ਼ਤ ਕਰਦਾ ਹੈ।

**ਰੁਜ਼ਗਾਰਦਾਤਾ**

ਰੁਜ਼ਗਾਰਦਾਤਾ ਇਹ ਬੇਨਤੀ ਕਰ ਸਕਦਾ ਹੈ ਕਿ ਡਾਕਟਰੀ ਸਮੀਖਿਆ ਪੈਨਲ ਤੋਂ ਉਸਦੀ ਰਾਏ ਲੈਣ ਲਈ WCB ਡਾਕਟਰੀ ਮਾਮਲੇ ਨੂੰ ਉਸ ਕੋਲ ਭੇਜੇ। ਡਾਕਟਰੀ ਮਾਮਲਾ ਲਾਜ਼ਮੀ ਤੌਰ ਤੇ ਵਾਸਤਵਿਕ ਅਤੇ ਠੋਸ ਅਤੇ ਮੁਆਵਜ਼ੇ ਦੇ ਅਧਿਕਾਰਾਂ ਨੂੰ ਪ੍ਰਭਾਵਿਤ ਕਰਨ ਵਾਲਾ ਹੋਣਾ ਚਾਹੀਦਾ ਹੈ। ਬੇਨਤੀ ਲਾਜ਼ਮੀ ਤੌਰ ਤੇ ਲਿਖਤੀ ਰੂਪ ਵਿੱਚ ਕਰਨੀ ਚਾਹੀਦੀ

ਹੈ ਅਤੇ ਲਾਜ਼ਮੀ ਤੌਰ ਤੇ ਬੇਨਤੀ ਲਈ ਤੱਥਾਂ ਅਤੇ ਕਾਰਨਾਂ ਦਾ ਬਿਆਨ ਮੁਹੱਈਆ ਕਰਨਾ ਚਾਹੀਦਾ ਹੈ। ਚਿੱਠੀ WCB ਨੂੰ ਸੰਬੋਧਿਤ ਹੋਣੀ ਚਾਹੀਦੀ ਹੈ ਅਤੇ **ਲਾਜ਼ਮੀ ਤੌਰ ਤੇ ਇਸ ਵਿੱਚ ਕਰਮਚਾਰੀ ਦਾ ਨਾਮ ਅਤੇ ਦਾਅਵੇ ਦਾ ਨੰਬਰ ਸ਼ਾਮਲ ਕਰਨਾ ਚਾਹੀਦਾ ਹੈ**।

ਡਾਕਟਰੀ ਸਮੀਖਿਆ ਪੈਨਲ ਨੂੰ ਉਹਨਾਂ ਪੇਚੀਦਾ ਕੇਸਾਂ ਲਈ ਵੀ ਬਿਠਾਇਆ ਜਾ ਸਕਦਾ ਹੈ ਜਿੱਥੇ WCB ਜਾਂ ਅਪੀਲ ਕਮਿਸ਼ਨ ਨੂੰ ਇੱਕ ਮਾਹਰਾਨਾ, ਸੁਤੰਤਰ ਡਾਕਟਰੀ ਰਾਏ ਦੀ ਲੋੜ ਹੁੰਦੀ ਹੈ।

**ਡਾਕਟਰੀ ਸਮੀਖਿਆ ਪੈਨਲ ਵਿੱਚ ਕੌਣ ਬੈਠਦਾ ਹੈ?**

ਡਾਕਟਰੀ ਸਮੀਖਿਆ ਪੈਨਲ ਵਿੱਚ ਤਿੰਨ ਡਾਕਟਰ ਹੁੰਦੇ ਹਨ:

- ਇੱਕ ਚੇਅਰਮੈਨ ਜਿਸ ਨੂੰ *ਵਰਕਰਜ਼ ਕਮਪਨਸੇਸ਼ਨ ਐਕਟ (Workers Compensation Act)* ਲਈ ਜ਼ਿੰਮੇਵਾਰ ਮੰਤਰੀ ਦੁਆਰਾ ਨਿਯੁਕਤ ਕੀਤਾ ਜਾਂਦਾ ਹੈ।
- ਕਰਮਚਾਰੀ ਦੁਆਰਾ ਚੁਣਿਆ ਗਿਆ ਇੱਕ ਡਾਕਟਰ
- ਕਰਮਚਾਰੀ ਦੇ ਰੁਜ਼ਗਾਰਦਾਤਾ ਦੁਆਰਾ ਚੁਣਿਆ ਗਿਆ ਇੱਕ ਡਾਕਟਰ

ਚੇਅਰਪਰਸਨ ਮਾਮਲੇ ਬਾਰੇ ਅੱਗੇ ਵਿਚਾਰ-ਵਟਾਂਦਰਾ ਕਰਨ ਲਈ ਹਾਲਾਤ ਲਈ ਢੁਕਵਾਂ ਸਮਝੇ ਜਾਣ ਤੇ ਕਿਸੇ ਹੋਰ ਸਿਹਤ-ਸੰਭਾਲ ਪ੍ਰਦਾਤਾ ਨੂੰ ਮੀਟਿੰਗ ਵਿੱਚ ਹਾਜ਼ਰ ਹੋਣ ਲਈ ਸੱਦਾ ਦੇ ਸਕਦਾ ਹੈ।

ਸੱਟ ਲੱਗਣ ਸਮੇਂ ਇੱਕ ਵਾਰੀ ਕਰਮਚਾਰੀ ਅਤੇ ਰੁਜ਼ਗਾਰਦਾਤਾ ਨੂੰ ਡਾਕਟਰੀ ਸਮੀਖਿਆ ਪੈਨਲ ਦੇ ਕਾਇਮ ਕੀਤੇ ਜਾਣ ਬਾਰੇ ਸੂਚਿਤ ਕਰਨ ਤੋਂ ਬਾਅਦ, ਉਹਨਾਂ ਦੋਵਾਂ ਕੋਲ ਪੈਨਲ ਵਿੱਚ ਬੈਠਣ ਵਾਲੇ ਡਾਕਟਰ ਦੀ ਚੋਣ ਕਰਨ ਲਈ 15 ਦਿਨਾਂ ਦਾ ਸਮਾਂ ਹੁੰਦਾ ਹੈ। ਜੇ ਦੋਵਾਂ ਵਿੱਚੋਂ ਕੋਈ ਵੀ 15 ਦਿਨਾਂ ਅੰਦਰ ਡਾਕਟਰ ਦੀ ਚੋਣ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ WCB ਚੋਣ ਕਰੇਗਾ।
WCB ਉਸ ਸਮੇਂ ਰੁਜ਼ਗਾਰਦਾਤਾ ਲਈ ਚੋਣ ਕਰੇਗਾ ਜਦੋਂ:

- ਕਰਮਚਾਰੀ ਸਵੈ-ਰੁਜ਼ਗਾਰ ਵਿੱਚ ਹੈ
- ਕਰਮਚਾਰੀ ਰੁਜ਼ਗਾਰਦਾਤਾ ਦੇ ਪਰਿਵਾਰ ਦਾ ਇੱਕ ਮੈਂਬਰ ਹੈ
- ਕਰਮਚਾਰੀ ਰੁਜ਼ਗਾਰਦਾਤਾ ਵਾਲੀ ਫਰਮ ਦਾ ਭਾਈਵਾਲ, ਜਾਂ ਇੱਕ ਮੈਂਬਰ ਹੈ।

- ਰੁਜ਼ਗਾਰਦਾਤਾ ਉਦਯੋਗ ਵਿੱਚ ਉਸ ਕਾਰੋਬਾਰ ਨੂੰ ਬੰਦ ਕਰ ਦਿੰਦਾ ਹੈ ਜਿਸ ਵਿੱਚ ਸੱਟ ਲੱਗੀ ਸੀ।

ਕਰਮਚਾਰੀ ਅਤੇ ਰੁਜ਼ਗਾਰਦਾਤਾ ਦੁਆਰਾ ਚੁਣੇ ਗਏ ਡਾਕਟਰ ਸੱਟ ਜਾਂ ਬਿਮਾਰੀ ਨਾਲ ਸਬੰਧਤ ਡਾਕਟਰੀ ਖੇਤਰ ਵਿੱਚ ਖਾਸ ਤੌਰ ਤੇ ਹੁਨਰਮੰਦ ਜ਼ਰੂਰ ਹੋਣੇ ਚਾਹੀਦੇ ਹਨ, ਅਤੇ ਉਹਨਾਂ ਦਾ ਨਾਮ ਲਾਜ਼ਮੀ ਤੌਰ ਤੇ ਕਾਲਜ ਆਫ ਫ਼ਿਜ਼ਿਸ਼ੀਅਨ ਐਂਡ ਸਰਜਨ ਆਫ ਮਨੀਟੋਬਾ ਦੁਆਰਾ ਮੁਹੱਈਆ ਕੀਤੀ ਸੂਚੀ ਵਿੱਚ ਹੋਣਾ ਚਾਹੀਦਾ ਹੈ।

**ਅਯੋਗ ਡਾਕਟਰ**

ਕਿਸੇ ਡਾਕਟਰ ਨੂੰ ਡਾਕਟਰੀ ਸਮੀਖਿਆ ਪੈਨਲ ਲਈ ਕੰਮ ਕਰਨ ਜਾਂ ਸੇਵਾ ਨਿਭਾਉਣ ਲਈ ਚੁਣਿਆ ਨਹੀਂ ਜਾ ਸਕਦਾ ਜੇ ਡਾਕਟਰ:

- ਨੇ ਕਰਮਚਾਰੀ ਦਾ ਮੁਆਇਨਾ ਕੀਤਾ ਹੈ ਜਾਂ ਇਲਾਜ ਕੀਤਾ ਹੈ
- ਰੁਜ਼ਗਾਰਦਾਤਾ ਤਰਫੋਂ ਕਰਮਚਾਰੀਆਂ ਦਾ ਮੁਆਇਨਾ ਕੀਤਾ ਹੈ
- ਕਰਮਚਾਰੀ ਦੇ ਇਲਾਜ ਵਿੱਚ ਸਲਾਹਕਾਰ ਵੱਜੋਂ ਭੂਮਿਕਾ ਨਿਭਾਈ ਹੈ।

ਪਰ, ਜੇ ਡਾਕਟਰੀ ਰਾਏ ਵਿੱਚ ਮਤਭੇਦ ਕਾਰਨ ਪੈਨਲ ਨੂੰ ਬੁਲਾਇਆ ਜਾਂਦਾ ਹੈ, ਤਾਂ ਕਰਮਚਾਰੀ ਦਾ ਇਲਾਜ ਕਰਨ ਵਾਲੇ ਡਾਕਟਰ ਨੂੰ ਅਗਲੀ ਜਾਣਕਾਰੀ ਦੇਣ ਲਈ ਭਾਗ ਲੈਣ ਵਾਸਤੇ ਬੁਲਾਇਆ ਜਾਵੇਗਾ।

**ਡਾਕਟਰੀ ਸਮੀਖਿਆ ਪੈਨਲ ਦੀਆਂ ਕੀ ਜ਼ਿੰਮੇਵਾਰੀਆਂ ਹਨ?**

ਡਾਕਟਰੀ ਸਮੀਖਿਆ ਪੈਨਲ ਦੇ ਡਾਕਟਰ ਕਰਮਚਾਰੀ ਦੀ ਫਾਇਲ ਵਿਚਲੀ ਜਾਣਕਾਰੀ ਦੀ ਸਮੀਖਿਆ ਕਰਦੇ ਹਨ ਅਤੇ ਫੇਰ ਕਰਮਚਾਰੀ ਦੀ ਇੰਟਰਵਿਊ ਅਤੇ ਮੁਆਇਨਾ ਕਰਦੇ ਹਨ। ਜੇ ਵਾਧੂ ਜਾਣਕਾਰੀ ਅਤੇ/ਜਾਂ ਮੈਡੀਕਲ ਟੈਸਟਾਂ ਦੀ ਲੋੜ ਪੈਂਦੀ ਹੈ, ਤਾਂ ਚੇਅਰਪਰਸਨ ਦੁਆਰਾ ਉਹਨਾਂ ਲਈ ਆਦੇਸ਼ ਦਿੱਤਾ ਜਾਵੇਗਾ। ਪੈਨਲ ਹਾਲਾਤ ਲਈ ਢੁਕਵੇਂ ਸਮਝੇ ਜਾਂਦੇ ਕਿਸੇ ਵੀ ਸਿਹਤ-ਸੰਭਾਲ ਪ੍ਰਦਾਨਕਰਤਾਵਾਂ ਨਾਲ ਸਲਾਹ ਕਰ ਸਕਦਾ ਹੈ।

ਜਦੋਂ ਪੈਨਲ ਆਪਣੀ ਲਿਖਤੀ ਰਾਏ ਤਿਆਰ ਕਰ ਲੈਂਦਾ ਹੈ, ਤਾਂ ਇਸ ਜਾਣਕਾਰੀ ਨੂੰ ਵਿਚਾਰੇ ਜਾਣ ਲਈ WCB ਜਾਂ ਅਪੀਲ ਕਮਿਸ਼ਨ ਕੋਲ ਅੱਗੇ ਭੇਜ ਦਿੱਤਾ ਜਾਵੇਗਾ। ਪੈਨਲ ਸਿਰਫ ਡਾਕਟਰੀ ਰਾਏ ਹੀ ਦਿੰਦਾ ਹੈ ਅਤੇ ਇਹ ਰਾਏ WCB

ਜਾਂ ਅਪੀਲ ਕਮਿਸ਼ਨ ਤੇ ਕੋਈ ਬੰਧੇਜ ਨਹੀਂ ਹੈ। ਇਸ ਰਾਏ ਨੂੰ ਦਾਅਵੇ ਦੇ ਨਿਪਟਾਰੇ ਵਿੱਚ ਸਹਾਇਤਾ ਲਈ ਵਰਤਿਆ ਜਾ ਸਕਦਾ ਹੈ। ਹੋਰ ਵਿਚਾਰ-ਵਟਾਂਦਰੇ ਦਾਅਵੇ ਬਾਰੇ ਫੈਸਲੇ ਦੇ ਨਤੀਜੇ ਨੂੰ ਪ੍ਰਭਾਵਿਤ ਕਰ ਸਕਦੇ ਹਨ।

**ਇਹ ਕਿਵੇਂ ਕੰਮ ਕਰਦਾ ਹੈ, ਕਦਮ-ਦਰ-ਕਦਮ....**

1. ਜਦੋਂ ਦਾਅਵੇ ਨੂੰ ਡਾਕਟਰੀ ਸਮੀਖਿਆ ਪੈਨਲ ਕੋਲ ਭੇਜ ਦਿੱਤਾ ਜਾਂਦਾ ਹੈ, ਤਾਂ ਇੱਕ ਸਟਾਫ ਮੈਂਬਰ ਲਿਖਤੀ ਰੂਪ ਵਿੱਚ ਕਰਮਚਾਰੀ ਅਤੇ ਕਰਮਚਾਰੀ ਦੇ ਰੁਜ਼ਗਾਰਦਾਤਾ ਨਾਲ ਸੰਪਰਕ (ਸੱਟ ਲੱਗਣ ਸਮੇਂ) ਕਰੇਗਾ। ਉਹਨਾਂ ਦੋਵਾਂ ਨੂੰ ਪੈਨਲ ਵਿੱਚ ਬੈਠਣ ਵਾਲੇ ਡਾਕਟਰ ਦੀ ਚੋਣ ਕਰਨ ਲਈ ਕਿਹਾ ਜਾਵੇਗਾ।

2. ਚੋਣ 15 ਦਿਨਾਂ ਵਿੱਚ ਕਰਨੀ ਹੁੰਦੀ ਹੈ। ਇਸ ਲਈ ਅਸਫਲ ਹੋਣ ਤੇ, WCB ਜਾਂ ਤਾਂ ਇੱਕ ਜਾਂ ਫੇਰ ਦੋਵੇਂ ਡਾਕਟਰ ਨੂੰ ਚੁਣੇਗਾ।

3. WCB ਕਰਮਚਾਰੀ ਜਾਂ ਅਪੀਲ ਕਮਿਸ਼ਨ ਪੈਨਲ ਡਾਕਟਰੀ ਸਮੀਖਿਆ ਪੈਨਲ ਦੇ ਪੁੱਛੇ ਜਾਣ ਵਾਲੇ ਸਵਾਲ ਤਿਆਰ ਕਰੇਗਾ। ਇਹ ਸਵਾਲ ਕਰਮਚਾਰੀ (ਅਤੇ ਰੁਜ਼ਗਾਰਦਾਤਾ, ਜੇ ਉਹਨਾਂ ਨੇ ਡਾਕਟਰੀ ਸਮੀਖਿਆ ਪੈਨਲ ਲਈ ਬੇਨਤੀ ਕੀਤੀ ਹੈ) ਨੂੰ ਭੇਜੇ ਜਾਣਗੇ। ਜੇ ਸਵਾਲਾਂ ਦੀ ਕਿਸਮ ਜਾਂ ਵਿਸ਼ੇ ਸਬੰਧੀ ਕੋਈ ਵਿਵਾਦ ਪੈਦਾ ਹੁੰਦਾ ਹੈ, ਤਾਂ ਕਿਸੇ ਵੀ ਚਿੰਤਾਵਾਂ ਦਾ ਨਿਪਟਾਰਾ ਕਰਨ ਲਈ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ। ਫਾਰਮ ਅਤੇ ਸਵਾਲਾਂ ਦੇ ਵਿਸ਼ੇ ਬਾਰੇ ਹੋਰ ਵਿਵਾਦ ਤੋਂ ਬਾਅਦ WCB ਦੁਆਰਾ ਪੁਨਰ-ਵਿਚਾਰ ਅਤੇ ਅਪੀਲ ਪ੍ਰਕਿਰਿਆਵਾਂ ਹੋ ਸਕਦੀਆਂ ਹਨ।

4. ਸਟਾਫ ਫੇਰ ਪੈਨਲ ਲਈ ਤਾਰੀਖ ਲਈ ਇੰਤਜ਼ਾਮ ਕਰੇਗਾ। ਤਾਰੀਖ ਕਰਮਚਾਰੀ ਅਤੇ ਡਾਕਟਰਾਂ ਦੀ ਆਪਸੀ ਸਹਿਮਤੀ ਨਾਲ ਸਹਿਮਤੀ-ਯੋਗ ਹੋਣੀ ਚਾਹੀਦੀ ਹੈ।

5. ਜਦੋਂ ਡਾਕਟਰੀ ਰਾਏ ਵਿੱਚ ਮਤਭੇਦ ਕਾਰਨ ਪੈਨਲ ਬਣਾਇਆ ਜਾਂਦਾ ਹੈ, ਤਾਂ ਕਰਮਚਾਰੀ ਦੇ ਇਲਾਜ ਕਰਨ ਵਾਲੇ ਡਾਕਟਰ ਨੂੰ ਭਾਗ ਲੈਣ ਲਈ ਬੁਲਾਇਆ ਜਾਵੇਗਾ।

6. ਚੇਅਰਪਰਸਨ ਵਿਸ਼ੇਸ਼ ਕਨਸਲਟੈਂਟਾਂ ਅਤੇ/ਜਾਂ ਹੋਰ ਸਿਹਤ-ਸੰਭਾਲ ਪ੍ਰਦਾਨਕਰਤਾਵਾਂ ਨੂੰ ਪੈਨਲ ਦੀ ਸਹਾਇਤਾ ਲਈ ਭਾਗ ਲੈਣ ਵਾਸਤੇ ਸੱਦਾ ਦੇ ਸਕਦਾ ਹੈ। ਇਹ ਡਾਕਟਰ ਅਤੇ/ਜਾਂ ਸਿਹਤ-ਸੰਭਾਲ ਪ੍ਰਦਾਨਕਰਤਾ ਸਿਰਫ ਜਾਣਕਾਰੀ ਦੇਣ ਲਈ ਮੌਜੂਦ ਹੁੰਦੇ ਹਨ ਅਤੇ ਉਹ ਪੈਨਲ ਦੀ ਲਿਖਤੀ ਰਾਏ ਬਣਾਉਣ ਵਿੱਚ ਭਾਗ ਨਹੀਂ ਲੈਂਦੇ। ਲੋੜ ਪੈਣ ਤੇ ਹੋਰ ਮੁਆਇਨਿਆਂ ਜਾਂ ਟੈਸਟਾਂ ਲਈ ਆਦੇਸ਼ ਦਿੱਤਾ ਜਾ ਸਕਦਾ ਹੈ।

7. ਪੈਨਲ ਕਰਮਚਾਰੀ ਦੀ ਫਾਇਲ ਵਿੱਚ ਦਿੱਤੀ ਜਾਣਕਾਰੀ ਦੀ ਸਮੀਖਿਆ ਕਰਦਾ ਹੈ ਅਤੇ ਕਰਮਚਾਰੀ ਦੀਆਂ ਇੰਟਰਵਿਊਆਂ ਅਤੇ ਮੁਆਇਨੇ ਕਰਦਾ ਹੈ।

8. ਬਾਅਦ ਵਿੱਚ, ਪੈਨਲ ਆਪਣੇ ਨਤੀਜਿਆਂ ਦੀ ਰਿਪੋਰਟ ਦਿੰਦਾ ਹੈ। ਰਿਪੋਰਟ WCB ਜਾਂ ਅਪੀਲ ਕਮਿਸ਼ਨ ਅਤੇ ਕਰਮਚਾਰੀ ਨੂੰ ਮੁਹੱਈਆ ਕੀਤੀ ਜਾਂਦੀ ਹੈ। ਜੇ ਪੈਨਲ ਕਰਮਚਾਰੀ ਦਾ ਇਲਾਜ ਕਰਨ ਵਾਲੇ ਡਾਕਟਰ ਅਤੇ WCB ਦੇ ਡਾਕਟਰੀ ਸਲਾਹਕਾਰ ਦਰਮਿਆਨ ਮਤਭੇਦ ਕਾਰਨ ਬਣਾਈ ਜਾਂਦੀ ਹੈ, ਤਾਂ ਕਰਮਚਾਰੀ ਦੇ ਇਲਾਜ ਕਰਨ ਵਾਲੇ ਡਾਕਟਰ ਨੂੰ ਵੀ ਰਿਪੋਰਟ ਦੀ ਨਕਲ ਮਿਲੇਗੀ।

## ਡਾਕਟਰੀ ਸਮੀਖਿਆ ਪੈਨਲਾਂ ਨੂੰ ਕਿੱਥੇ ਆਯੋਜਿਤ ਕੀਤਾ ਜਾਂਦਾ ਹੈ?

ਡਾਕਟਰੀ ਸਮੀਖਿਆ ਪੈਨਲ ਦਾ ਆਯੋਜਨ ਹੇਠਾਂ ਦਿੱਤੇ ਮੁਤਾਬਕ ਹੁੰਦਾ ਹੈ:

600-330 St. Mary Avenue
Winnipeg, Manitoba  R3C 3Z5

## ਹੋਰ ਜਾਣਕਾਰੀ ਲਈ ਕਾਲ ਕਰੋ:

(204) 925-6110 ਤੇ ਜਾਂ ਵਿਨੀਪੇਗ ਤੋਂ ਬਾਹਰ, ਕਿਰਪਾ ਕਰਕੇ 1 (855) 9256110 ਕਾਲ ਕਰੋ। ਤੁਸੀਂ (204) 943-4393 ਤੇ ਡਾਕਟਰੀ ਸਮੀਖਿਆ ਪੈਨਲ ਨੂੰ ਫੈਕਸ ਵੀ ਕਰ ਸਕਦੇ ਹੋ।

ਇਹ ਪ੍ਰਕਾਸ਼ਨ ਆਮ ਜਾਣਕਾਰੀ ਲਈ ਹੈ। ਇਸ ਦਾ ਉਦੇਸ਼ ਕਾਨੂੰਨੀ ਸਲਾਹ ਦੇਣਾ ਨਹੀਂ ਹੈ ਅਤੇ ਉਸਦੇ ਲਈ ਇਸ ਉੱਪਰ ਭਰੋਸਾ ਕਰਨਾ ਉਚਿਤ ਨਹੀਂ ਹੈ। ਜ਼ਿਆਦਾ ਨਿਸ਼ਚਿਤ ਜਾਣਕਾਰੀ ਲਈ *ਵਰਕਰ ਮੁਆਵਜ਼ਾ ਕਾਨੂੰਨ ਅਤੇ ਨਿਯਮ (The Workers Compensation Act and Regulations)* ਅਤੇ *WCB ਦੀਆਂ ਨੀਤੀਆਂ* ਦੇਖੋ। ਇਹ ਦਸਤਾਵੇਜ਼ WCB ਦੀ ਵੈਬਸਾਈਟ wcb.mb.ca ਵਿਖੇ ਉਪਲਬਧ ਹਨ।